# ਬਰਨਬੀ ਰਿਕਰੀਏਸ਼ਨ ਕਰੈਡਿਟ ਪ੍ਰੋਗਰਾਮ

## ਬਰਨਬੀ ਰਿਕਰੀਏਸ਼ਨ ਕਰੈਡਿਟ ਪ੍ਰੋਗਰਾਮ ਕੀ ਹੈ?

ਰਿਕਰੀਏਸ਼ਨ ਕਰੈਡਿਟ ਪ੍ਰੋਗਰਾਮ ਬਰਨਬੀ ਦੇ ਮਾਇਕ ਲੋੜ ਵਾਲੇ ਵਸਨੀਕਾਂ ਲਈ ਕਰੈਡਿਟ ਪ੍ਰਦਾਨ ਕਰਦਾ ਹੈ। ਕਰੈਡਿਟ ਸਿਸਟਮ ਵਿਚ ਡਾਲਰ ਪਾਏ ਜਾਂਦੇ ਹਨ ਜਿਹੜੇ ਕਿ ਕੰਪਿਊਟਰ ਸਿਸਟਮ ਵਿਚ ਤੁਹਾਡੇ ਨਾਂ ਥੱਲੇ ਰਜਿਸਟਰ ਕੀਤੇ ਜਾਂਦੇ ਹਨ। ਤੁਸੀਂ ਇਸ ਦੀ ਵਰਤੋਂ ਪਾਰਕਾਂ ਅਤੇ ਮਨੋਰੰਜਨ ਦੇ ਕਿਸੇ ਵੀ ਪ੍ਰੋਗਰਾਮ ਲਈ ਸਾਈਨ ਅੱਪ ਹੋਣ ਲਈ ਕਰ ਸਕਦੇ ਹੋ ਜਾਂ ਇਹ ਸਵਿਮਿੰਗ ਪੂਲਾਂ, ਤੰਦਰੁਸਤੀ ਲਈ ਕਲਾਸਾਂ, ਇਨਡੋਰ ਸਾਈਕਲਿੰਗ, ਸਕੇਟਿੰਗ ਰਿੰਕਾਂ ਜਾਂ ਵੇਟ ਰੂਮਾਂ ਵਿਚ ਦਾਖਲ ਹੋਣ ਲਈ ਪੰਚਕਾਰਡ ਜਾਂ ਪਾਸ ਖਰੀਦਣ ਲਈ ਵਰਤ ਸਕਦੇ ਹੋ। ਕੁਝ ਬੰਦਸ਼ਾਂ ਵੀ ਹਨ ਜਿਵੇਂ ਕਿ ਗੌਲਫ, ਪ੍ਰਾਈਵੇਟ ਲੈਸਨ ਅਤੇ ਜਨਮ ਦਿਨ ਦੀਆਂ ਪਾਰਟੀਆਂ।

## ਮੈਂ ਇਸ ਦੇ ਯੋਗ ਕਿਵੇਂ ਹੋਣਾ ਹੈ?

ਯੋਗ ਹੋਣ ਲਈ ਤੁਹਾਡਾ ਬਰਨਬੀ ਵਿਚ ਰਹਿੰਦੇ ਹੋਣਾ, ਕੈਨੇਡੀਅਨ ਸਿਟੀਜ਼ਨ ਜਾਂ ਪ੍ਰਮਾਨੈਂਟ ਰੈਜ਼ੀਡੈਂਟ ਹੋਣਾ ਅਤੇ ਅੱਗੇ ਲਿਖੀਆਂ ਸ਼੍ਰੇਣੀਆਂ ਵਿੱਚੋਂ ਕਿਸੇ ਅਧੀਨ ਆਉਂਦੇ ਹੋਣਾ ਜ਼ਰੂਰੀ ਹੈ:

ਏ) ਘੱਟ ਆਮਦਨ ਵਾਲੇ ਵਿਅਕਤੀ, ਜੋੜਾ ਜਾਂ ਪਰਿਵਾਰ ਹੋ। ਯੋਗ ਹੋਣ ਵਾਲੀਆਂ ਰਕਮਾਂ ਰਿਕਰੀਏਸ਼ਨ ਕਰੈਡਿਟ ਲਈ ਅਰਜ਼ੀ ਫਾਰਮ 'ਤੇ ਦਰਜ ਹਨ।

ਬੀ) ਡਿਸਏਬਿਲਟੀ ਟੈਕਸ ਕਰੈਡਿਟ ਸਰਟੀਫਿਕੇਟ ਵਾਲਾ ਵਿਅਕਤੀ। ਘੱਟ ਆਦਮਨ ਲਈ ਹੱਕਦਾਰੀ ਦੀ ਕੁਲ ਆਮਦਨ ਡਿਸਏਬਿਲਟੀ ਟੈਕਸ ਕਰੈਡਿਟ ਦੀ ਰਕਮ ਨਾਲ ਵਧ ਜਾਂਦੀ ਹੈ।

ਸੀ) ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਤੋਂ ਮਾਇਕ ਸਹਾਇਤਾ ਲੈ ਰਹੇ ਹੋ।

ਡੀ) ਕਮਿਊਨਟੀ ਲਿਵਿੰਗ ਬੀ.ਸੀ. ਤੋਂ ਸਹਾਇਤਾ ਲੈਣ ਦੇ ਯੋਗ ਹੋ ਜਾਂ ਸਹਾਇਤਾ ਲੈ ਰਹੇ ਹੋ।

ਈ) ਰੀਸੈਟਲਮੈਂਟ ਅਸਿਸਟੈਂਸ ਪ੍ਰੋਗਰਾਮ ਤੋਂ ਆਮਦਨ ਸਹਾਇਤਾ ਲੈ ਰਹੇ ਹੋ।

*ਵਿਅਕਤੀ ਇਸ ਦੇ ਯੋਗ ਨਹੀਂ ਹੁੰਦੇ ਜੇ ਪ੍ਰਤੀ ਸਾਲ ਪ੍ਰਤੀ ਬਾਲਗ ਪਿੱਛੇ ਕਮਾਇਆ ਗਿਆ ਵਿਆਜ 100 ਡਾਲਰ ਤੋਂ ਜ਼ਿਆਦਾ ਹੋਵੇ; ਜਾਂ ਜੇ ਪਰਿਵਾਰ ਨੇ 1000 ਡਾਲਰ ਤੋਂ ਜ਼ਿਆਦਾ ਦੀ ਆਰ ਆਰ ਐੱਸ ਪੀ ਲਈ ਹੈ।*

## ਮੈਂ ਅਰਜ਼ੀ ਫਾਰਮ ਕਿੱਥੋਂ ਲੈ ਸਕਦਾ/ਸਕਦੀ ਹਾਂ?

» ਬਰਨਬੀ ਦੇ ਪਾਰਕਾਂ, ਰਿਕਰੀਏਸ਼ਨ ਅਤੇ ਸਭਿਆਚਾਰਕ ਸੇਵਾਵਾਂ ਦੇਣ ਵਾਲੀਆਂ ਥਾਂਵਾਂ ਤੋਂ
» ਔਨਲਾਈਨ: burnaby.ca/recreationcredit
» ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਤੋਂ
» ਬਰਨਬੀ ਕਮਿਊਨਟੀ ਸਕੂਲਾਂ ਤੋਂ
» ਇਮੀਗਰਾਂਟ ਸਰਵਿਸਿਜ਼ ਸੁਸਾਇਟੀ ਔਫ ਬੀ. ਸੀ. ਤੋਂ
» ਬਰਨਬੀ ਕਮਿਊਨਟੀ ਸਰਵਿਸਿਜ਼ ਤੋਂ
» ਕਮਿਊਨਟੀ ਲਿਵਿੰਗ ਬੀ.ਸੀ. ਤੋਂ

## ਮੈਂ ਅਪਲਾਈ ਕਿਵੇਂ ਕਰਨਾ ਹੈ?

ਬਰਨਬੀ ਰਿਕਰੀਏਸ਼ਨ ਕਰੈਡਿਟ ਪ੍ਰੋਗਰਾਮ ਦਾ ਅਰਜ਼ੀ ਫਾਰਮ ਲਵੋ। ਅਰਜ਼ੀ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਨੂੰ ਪੂਰੀ ਤਰ੍ਹਾਂ ਭਰੋ। ਮੁਕੰਮਲ ਹੋਈਆਂ ਅਰਜ਼ੀਆਂ ਯੋਗਤਾ ਅਤੇ ਪ੍ਰਵਾਨਗੀ ਲਈ ਮਾਨਤਾ ਪ੍ਰਾਪਤ ਸੋਸ਼ਲ ਸਰਵਿਸ ਏਜੰਸੀਆਂ ਵਲੋਂ ਵਿਚਾਰੀਆਂ ਜਾਂਦੀਆਂ ਹਨ। ਵੇਰਵਿਆਂ ਲਈ ਅਰਜ਼ੀ ਦਾ ਪਿਛਲਾ ਪਾਸਾ ਦੇਖੋ।



## ਮੈਂ ਰਿਕਰੀਏਸ਼ਨ ਕਰੈਡਿਟ ਦੀ ਵਰਤੋਂ ਕਦੋਂ ਕਰਨੀ ਹੈ?

ਇਸ ਨੂੰ ਵਰਤੋ ਜਦੋਂ ਤੁਸੀਂ ਕਿਸੇ ਪਾਰਕ, ਮਨੋਰੰਜਨ ਅਤੇ ਸਭਿਆਚਾਰਕ ਪ੍ਰੋਗਰਾਮ ਲਈ ਰਜਿਸਟਰ ਹੋਣਾ ਜਾਂ ਪੰਚ ਕਾਰਡ ਜਾਂ ਪਾਸ ਖਰੀਦਣਾ ਚਾਹੁੰਦੇ ਹੋਵੋ। ਰਜਿਸਟਰੇਸ਼ਨ ਕਲਰਕ ਨੂੰ ਆਪਣਾ ਨਾਂ ਅਤੇ ਫੋਨ ਨੰਬਰ ਦਿਉ। ਤੁਹਾਡੇ ਕਰੈਡਿਟ ਦੀ ਰਕਮ ਕੰਪਿਊਟਰ ਦੀ ਸਕਰੀਨ 'ਤੇ ਆ ਜਾਵੇਗੀ ਅਤੇ ਤੁਸੀਂ ਕਲਰਕ ਨੂੰ ਦੱਸ ਸਕਦੇ ਹੋ ਕਿ ਤੁਸੀਂ ਆਪਣਾ ਕਰੈਡਿਟ ਆਪਣੀ ਖਰੀਦ ਲਈ ਵਰਤਣਾ ਚਾਹੋਗੇ।

ਜਦੋਂ ਤੁਸੀਂ ਕਰੈਡਿਟ ਪ੍ਰੋਗਰਾਮ ਦੀ ਵਰਤੋਂ ਕਰਦੇ ਹੋਏ ਕੋਈ ਪ੍ਰੋਗਰਾਮ ਜਾਂ ਪਾਸ ਖਰੀਦਦੇ ਹੋ ਤਾਂ ਇਨ੍ਹਾਂ ਸੇਵਾਵਾਂ ਦੀ ਕੀਮਤ ਤੁਹਾਡੇ ਕੁਲ ਕਰੈਡਿਟ ਬੈਲੇਂਸ ਵਿੱਚੋਂ ਕੱਟ ਲਈ ਜਾਂਦੀ ਹੈ। ਰਿਕਰੀਸ਼ਨ ਕਰੈਡਿਟ ਦਾ ਮਕਸਦ ਤੁਹਾਡੀਆਂ ਮਨੋਰੰਜਨ ਦੀਆਂ ਕੁਝ ਸਰਗਰਮੀਆਂ ਦੇ ਖਰਚੇ ਵਿਚ ਮਦਦ ਕਰਨਾ ਹੈ ਅਤੇ ਕਰੈਡਿਟ ਦੀ ਰਕਮ ਤੋਂ ਉੱਪਰ ਦੇ ਕਿਸੇ ਵੀ ਖਰਚੇ ਲਈ ਤੁਸੀਂ ਜ਼ਿੰਮੇਵਾਰ ਹੋ। ਰੀਫੰਡ ਤੁਹਾਡੇ ਅਕਾਊਂਟ ਵਿਚ ਕਰੈਡਿਟ ਵਜੋਂ ਵਾਪਸ ਕਰ ਦਿੱਤੇ ਜਾਂਦੇ ਹਨ। ਅਣਵਰਤੇ ਕਰੈਡਿਟ, ਤੁਹਾਡੇ ਰਿਕਰੀਏਸ਼ਨ ਕਰੈਡਿਟ ਸਾਲ ਦੇ ਅੰਤ 'ਤੇ ਤੁਹਾਡੇ ਅਕਾਊਂਟ ਵਿੱਚੋਂ ਹਟਾ ਦਿੱਤੇ ਜਾਂਦੇ ਹਨ।

ਕਰੈਡਿਟ, ਤੁਹਾਡੀ ਰਿਕਰੀਏਸ਼ਨ ਕਰੈਡਿਟ ਦੀ ਅਰਜ਼ੀ ਮਨਜ਼ੂਰ ਹੋਣ ਦੇ ਸਮੇਂ ਤੋਂ ਬਾਅਦ ਇਕ ਸਾਲ ਲਈ ਯੋਗ ਹੈ। ਤੁਹਾਨੂੰ ਇਸ ਬਾਰੇ ਦੱਸਦੀ ਹੋਈ ਇਕ ਚਿੱਠੀ ਮਿਲੇਗੀ ਅਤੇ ਕਰੈਡਿਟ ਦੀ ਮਿਆਦ ਚਿੱਠੀ ਵਿਚ ਦਿਖਾਈ ਹੋਈ ਤਾਰੀਕ ਤੋਂ ਇਕ ਸਾਲ ਬਾਅਦ ਖਤਮ ਹੋ ਜਾਂਦੀ ਹੈ। ਹਰ ਸਾਲ ਦੁਬਾਰਾ ਅਪਲਾਈ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੈ।

ਤੁਸੀਂ ਸਾਲ ਵਿਚ ਇਕ ਵਾਰੀ ਕਰੈਡਿਟ ਲਈ ਅਪਲਾਈ ਕਰ ਸਕਦੇ ਹੋ ਅਤੇ ਇਹ ਲੈ ਸਕਦੇ ਹੋ। ਕਰੈਡਿਟ ਦੀ ਕੋਈ ਨਗਦੀ ਨਹੀਂ ਮਿਲਦੀ।

ਜ਼ਿਆਦਾ ਜਾਣਕਾਰੀ ਲਈ ਰਿਕਰੀਏਸ਼ਨ ਕਰੈਡਿਟ ਸਟਾਫ ਨੂੰ 604-320-2227 'ਤੇ ਫੋਨ ਕਰੋ।

ਬਰਨਬੀ ਦੇ ਪਾਰਕਾਂ, ਮਨੋਰੰਜਨ ਦੀਆਂ ਅਤੇ ਸਭਿਆਚਾਰਕ ਸੇਵਾਵਾਂ ਸਾਰੇ ਬਰਨਬੀ ਵਿਚ ਸਥਿਤ ਹਨ। ਸਰਗਰਮ ਹੋਵੋ, ਸ਼ੁਗਲ ਵਿਚ ਸ਼ਾਮਲ ਹੋਵੋ।

ਬਰਨਬੀ ਵਿਚ ਖੇਡੋ!

ਇਨ੍ਹਾਂ ਦੀ ਭਾਈਵਾਲੀ ਨਾਲ

BURNABY COMMUNITY SERVICES

City of Burnaby Parks, Recreation & Cultural Services

burnaby.ca/recreationcredit

*[Punjabi] revised July, 2015*

bbyservices.ca